

Long-Term Care Home Update

*Community Newsletter*

Lakeridge Health

**ਫਰਵਰੀ 2022**

## ਪੇਸ਼ ਕਰ ਰਹੇ ਹਾਂ ਲੰਮੀ-ਮਿਆਦ ਦੇ ਕੇਅਰ ਹੋਮ ਦਾ ਨਾਮ

Ajax Pickering Hospital ਦੇ ਨਾਲ ਸਥਿਤ ਨਵੇਂ ਲੰਮੀ-ਮਿਆਦ ਦੇ ਕੇਅਰ ਹੋਮ ਦੇ ਨਾਮ ਵਜੋਂ 'Lakeridge Gardens' ਦਾ ਐਲਾਨ ਕਰਦੇ ਹੋਏ Lakeridge Health ਬਹੁਤ ਉਤਸ਼ਾਹਿਤ ਹੈ।

ਪਿਛਲੇ ਸਾਲ, Lakeridge Health ਨੇ Durham Region ਦੇ ਨਿਵਾਸੀਆਂ ਨੂੰ ਇਸ ਨਵੇਂ, ਅਤਿ-ਆਧੁਨਿਕ ਲੰਮੀ-ਮਿਆਦ ਦੇ ਕੇਅਰ ਹੋਮ ਨੂੰ ਦਰਸਾਉਣ ਲਈ ਇੱਕ ਨਾਮ ਵਾਸਤੇ ਆਪਣੀ ਰਾਏ ਅਤੇ ਵਿਚਾਰ ਦੇਣ ਲਈ ਕਿਹਾ ਸੀ। ਪੂਰੇ Durham Region ਤੋਂ ਮਿਲੇ 600 ਤੋਂ ਵੱਧ ਜਵਾਬਾਂ ਦੇ ਨਾਲ, Lakeridge Health ਨਵੇਂ ਘਰ ਵਿੱਚ ਦਿਲਚਸਪੀ ਅਤੇ ਭਾਰੀ ਸਮਰਥਨ ਲਈ ਪ੍ਰਸ਼ੰਸਾ ਕਰਦਾ ਹੈ।

Lakeridge Gardens ਦਾ ਨਾਮ ਮਾਣ ਨਾਲ Durham Region ਦੀਆਂ ਬਹੁਤ ਸਾਰੀਆਂ ਆਵਾਜ਼ਾਂ ਅਤੇ ਉਸ ਹਰ ਵਿਅਕਤੀ ਨੂੰ ਦਰਸਾਉਂਦਾ ਹੈ ਜਿਸ ਨੇ ਨਾਮਕਰਨ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਸਮਾਂ ਕੱਢਿਆ। Lakeridge Gardens ਇੱਕ ਸੰਪੰਨ ਖੇਤਰ ਦੇ ਭੂ-ਦ੍ਰਿਸ਼ ਦੇ ਨਾਲ-ਨਾਲ ਵਿਕਾਸ ਨੂੰ ਵੀ ਦਰਸਾਉਂਦਾ ਹੈ। Lakeridge Health ਲਈ ਇੱਕ ਸੰਸਥਾ ਦੇ ਰੂਪ ਵਿੱਚ ਅਤੇ ਨਿਵਾਸੀਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ *ਵਿਕਾਸ* ਜੋ ਲੰਮੀ-ਮਿਆਦ ਦੀ ਦੇਖਭਾਲ ਸਹੂਲਤ ਨੂੰ ਆਪਣਾ ਘਰ ਕਹਿਣਗੇ।

## ਪ੍ਰੀਮੀਅਰ Ford ਨੇ Lakeridge Gardens ਦਾ ਦੌਰਾ ਕੀਤਾ

ਮੰਗਲਵਾਰ, 1 ਫਰਵਰੀ ਨੂੰ, ਓਨਟਾਰੀਓ ਦੇ ਪ੍ਰੀਮੀਅਰ Doug Ford ਨੇ ਮੰਤਰੀਆਂ Paul Calandra, Christine Elliott, Kinga Surma, ਅਤੇ Peter Bethlenfalvy ਦੇ ਨਾਲ, ਨਵੇਂ ਘਰ ਦੇ ਆਗਾਮੀ ਉਦਘਾਟਨ ਦਾ ਜਸ਼ਨ ਮਨਾਉਣ ਲਈ Lakeridge Gardens ਦਾ ਦੌਰਾ ਕੀਤਾ।

2020 ਵਿੱਚ ਘੋਸ਼ਿਤ ਕੀਤਾ ਗਿਆ, Lakeridge Gardens, Ontario ਦੇ Accelerated Build Pilot Program ਦੇ ਤਹਿਤ ਵਿਕਸਿਤ ਕੀਤਾ ਜਾ ਰਿਹਾ ਪਹਿਲਾ ਲੰਮੀ-ਮਿਆਦ ਦਾ ਕੇਅਰ ਹੋਮ ਹੈ। ਇਹ ਤੱਥ ਕਿ ਹੋਮ ਸਮੇਂ ਸਿਰ ਅਤੇ ਸਮਾਂ-ਸਾਰਣੀ ਅਨੁਸਾਰ ਬਣਾਇਆ ਜਾਵੇਗਾ, Lakeridge Health, Infrastructure Ontario, ਅਤੇ PCL Construction ਵਿਚਕਾਰ ਸਹਿਯੋਗ ਦਾ ਸੱਚਾ ਸਬੂਤ ਹੈ।

*ਘਰ ਬਾਰੇ ਬੋਲਦੇ ਹੋਏ, ਪ੍ਰੀਮੀਅਰ Ford ਨੇ ਕਿਹਾ, "ਸਾਡੀ ਸਰਕਾਰ ਦੇ Accelerated Build Pilot Program ਦੇ ਤਹਿਤ ਸਿਰਫ 13 ਮਹੀਨਿਆਂ ਵਿੱਚ ਬਣਾਏ ਗਏ Ajax Pickering Hospital ਵਿੱਚ ਪਹਿਲੇ ਨਵੇਂ ਲੰਮੀ-ਮਿਆਦ ਦੇ ਕੇਅਰ ਹੋਮ ਨੂੰ ਦੇਖ ਕੇ ਮੈਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਅਸੀਂ ਆਪਣੇ ਸਭ ਤੋਂ ਕਮਜ਼ੋਰ ਲੋਕਾਂ ਲਈ ਲੰਮੀ-ਮਿਆਦ ਦੇ ਦੇਖਭਾਲ ਬਿਸਤਰਿਆਂ ਲਈ ਮੰਗ ਸੁਣੀ ਅਤੇ Team Ontario ਉਸ ਵਾਅਦੇ ਨੂੰ ਪੂਰਾ ਕਰ ਰਹੀ ਹੈ। "*




*1 ਫਰਵਰੀ, 2022 ਨੂੰ, ਪ੍ਰੀਮੀਅਰ Ford ਨੇ Lakeridge Gardens ਦੇ ਬਾਹਰ ਮੀਡੀਆ ਨਾਲ ਗੱਲ ਕੀਤੀ (ਸ੍ਰੋਤ: Twitter @fordnation)*




*ਮੀਡੀਆ ਸਮਾਗਮ ਦੌਰਾਨ ਬੋਰਡ ਆਫ਼ ਟਰੱਸਟੀਜ਼ ਦੇ ਮੁਖੀ, Sharon Cochran ਨੇ ਮਹਿਮਾਨਾਂ ਦਾ ਸੁਆਗਤ ਕੀਤਾ*

## Lakeridge Gardens ਵਿਖੇ ਸਟਾਫ਼

ਵੱਡੀ ਉਸਾਰੀ ਦੇ ਲਗਭਗ ਮੁਕੰਮਲ ਹੋਣ ਦੇ ਨਾਲ, ਧਿਆਨ ਦੇਖਭਾਲ ਦੀ ਯੋਜਨਾਬੰਦੀ ਅਤੇ ਕਾਰਜਾਂ ਨੂੰ ਅੰਤਿਮ ਰੂਪ ਦੇਣ ਵੱਲ ਤਬਦੀਲ ਹੋ ਗਿਆ ਹੈ। ਇੱਕ ਵਾਰ ਪੂਰੀ ਤਰ੍ਹਾਂ ਚਾਲੂ ਹੋਣ ਤੋਂ ਬਾਅਦ, 504 ਸਮਰਪਿਤ ਸਿਹਤ-ਸੰਭਾਲ ਅਤੇ ਪ੍ਰਸ਼ਾਸਨਿਕ ਸਟਾਫ਼ Lakeridge Gardens ਵਿੱਚ ਕੰਮ ਕਰੇਗਾ।

Lakeridge Health ਉੱਚ-ਗੁਣਵੱਤਾ ਨਿਵਾਸੀ ਦੇਖਭਾਲ ਲਈ ਸਮਰਪਿਤ ਸਟਾਫ਼ ਟੀਮ ਨੂੰ ਇਕੱਠਾ ਕਰਨ ਲਈ ਸਖ਼ਤ ਮਿਹਨਤ ਕਰ ਰਿਹਾ ਹੈ। ਹੁਣ ਤੱਕ, Lakeridg Health ਨੇ **164** ਪਰਸਨਲ ਸਪੋਰਟ ਵਰਕਰ, **47** ਰਜਿਸਟਰਡ ਪ੍ਰੈਕਟੀਕਲ ਨਰਸਾਂ, ਅਤੇ **29** ਰਜਿਸਟਰਡ ਨਰਸਾਂ ਨੂੰ ਨਿਯੁਕਤ ਕੀਤਾ ਹੈ।

## Lakeridge Gardens ਦੇ ਅੰਦਰ ਇੱਕ ਝਾਤ



*ਪਰਿਵਾਰਾਂ ਲਈ ਇਕੱਠੇ ਹੋਣ ਅਤੇ ਆਪਣੇ ਅਜ਼ੀਜ਼ਾਂ ਨੂੰ ਮਿਲਣ ਲਈ ਜਗ੍ਹਾ*



*ਪੂਰੇ Lakeridge Gardens ਵਿੱਚ ਸਥਿਤ ਨਿਵਾਸੀਆਂ ਦੇ 20 ਲਿਵਿੰਗ ਖੇਤਰਾਂ ਵਿੱਚੋਂ ਇੱਕ*



*ਇੱਕ ਰਿਹਾਇਸ਼ੀ ਕਮਰਾ, ਇੱਕ ਉਪਚਾਰਕ ਗੱਦੇ, ਪ੍ਰਾਈਵੇਟ ਜਾਂ ਅਰਧ-ਪ੍ਰਾਈਵੇਟ ਬਾਥਰੂਮ, ਅਤੇ ਇੱਕ ਵੱਡੀ ਖਿੜਕੀ ਦੇ ਨਾਲ ਮੁਕੰਮਲ*



*ਨਾਲ ਜੁੜੀਆਂ ਛੱਤਾਂ ਤੋਂ ਇਲਾਵਾ, ਨਿਵਾਸੀ ਮੰਜ਼ਲਾਂ ਵਿੱਚ ਗਰਮ ਮੌਸਮ ਦਾ ਅਨੰਦ ਲੈਣ ਲਈ ਨਿਵਾਸੀਆਂ ਲਈ ਵੱਡੀਆਂ ਬਾਲਕੋਨੀਆਂ ਵੀ ਸ਼ਾਮਲ ਹਨ*

## ਯਕੀਨੀ ਬਣਾਓ ਕਿ ਤੁਸੀਂ ਜੁੜੇ ਰਹਿੰਦੇ ਹੋ

Lakeridge Gardens ਦੇ ਖੁੱਲਣ ਦਾ ਸਮਾਂ ਨੇੜੇ ਆਉਣ ਦੇ ਨਾਲ, ਆਉਣ ਵਾਲੇ ਮਹੀਨਿਆਂ ਵਿੱਚ ਬਹੁਤ ਸਾਰੀਆਂ ਗਤੀਵਿਧੀਆਂ ਹੋਣਗੀਆਂ। ਇਹ ਮਹੱਤਵਪੂਰਨ ਹੈ ਕਿ ਅਸੀਂ ਤੁਹਾਡੇ ਵਿਚਾਰ ਸੁਣਦੇ ਰਹੀਏ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ Lakeridge Gardens ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ, ਕਿਰਪਾ ਕਰਕੇ **905-576-8711 ਐਕਸਟੈਨਸ਼ਨ 34167** 'ਤੇ ਕਾਲ ਕਰੋ ਜਾਂ **AjaxLTC@lh.ca** 'ਤੇ ਈਮੇਲ ਕਰੋ। ਤੁਸੀਂ ਚੱਲ ਰਹੇ ਅੱਪਡੇਟਾਂ ਲਈ ਕਿਸੇ ਵੀ ਸਮੇਂ ਸਾਡੀ ਵੈੱਬਸਾਈਟ **www.lh.ca** 'ਤੇ ਵੀ ਜਾ ਸਕਦੇ ਹੋ।